**ਓਪਸ਼ਨਜ਼ ਟ੍ਰੇਡਿੰਗ ਲਈ ਵਾਧੂ ਜੋਖਮ ਪ੍ਰਗਟਾਵਾ ਦਸਤਾਵੇਜ਼**

**ਓਪਸ਼ਨ ਧਾਰਕ ਦੇ ਜੋਖਮ:**

1. ਓਪਸ਼ਨ ਧਾਰਕ ਨੂੰ ਤੁਲਨਾਤਮਕ ਤੌਰ ਤੇ ਥੋੜੇ ਸਮੇਂ ਵਿੱਚ ਓਪਸ਼ਨ ਲਈ ਅਦਾਇਗੀ ਕੀਤੀ ਗਈ ਪੂਰੀ ਰਕਮ ਨੂੰ ਗਵਾਉਣ ਦਾ ਜੋਖਮ ਝੇਲਣਾ ਪੈਂਦਾ ਹੈ। ਇਹ ਜੋਖਮ ਇੱਕ ਵਿਅਰਥ ਸੰਪੱਤੀ ਦੇ ਰੂਪ ਵਿੱਚ ਓਪਸ਼ਨ ਦੀ ਪ੍ਰਕਿਰਤੀ ਨੂੰ ਦਰਸ਼ਾਉਂਦਾ ਹੈ ਜੋ ਇਸ ਦੀ ਸਮਾਪਤੀ ਤੇ ਮੁੱਲ-ਰਹਿਤ ਹੋ ਜਾਂਦੀ ਹੈ। ਅਜਿਹਾ ਓਪਸ਼ਨ ਧਾਰਕ ਜੋ ਇਸ ਦੀ ਸਮਾਪਤੀ ਤੋਂ ਪਹਿਲਾਂ ਨਾ ਤੇ ਅਮੁੱਖ ਬਜ਼ਾਰ ਵਿੱਚ ਆਪਣੇ ਓਪਸ਼ਨ ਦੀ ਵਿਕਰੀ ਕਰਦਾ ਹੈ ਅਤੇ ਨਾ ਹੀ ਇਸ ਨੂੰ ਐਕਸਰਸਾਇਜ਼ ਕਰਦਾ ਹੈ, ਉਹ ਯਕੀਨੀ ਤੌਰ ਤੇ ਓਪਸ਼ਨ ਵਿੱਚ ਨਿਵੇਸ਼ ਕੀਤੀ ਗਈ ਆਪਣੀ ਪੂਰੀ ਰਕਮ ਨੂੰ ਗਵਾ ਦੇਵੇਗਾ। ਜੇ ਓਪਸ਼ਨ ਦੀ ਸਮਾਪਤੀ ਤੋਂ ਪਹਿਲਾਂ, ਬੁਨਿਆਦੀ ਹਿੱਤ ਦੀ ਕੀਮਤ ਉਮੀਦੀ ਦਿਸ਼ਾ ਵਿੱਚ ਤਬਦੀਲ ਨਹੀਂ ਹੁੰਦੀ, ਭਾਵ ਜੋ ਓਪਸ਼ਨ ਦੀ ਲਾਗਤ ਨੂੰ ਕਵਰ ਕਰਨ ਲਈ ਕਾਫੀ ਹੋਵੇ, ਤਾਂ ਸੰਭਾਵੀ ਤੌਰ ਤੇ ਨਿਵੇਸ਼ਕ ਓਪਸ਼ਨ ਵਿੱਚ ਆਪਣੇ ਪੂਰੇ ਨਿਵੇਸ਼ ਜਾਂ ਉਸ ਦੇ ਵੱਡੇ ਹਿੱਸੇ ਨੂੰ ਗਵਾ ਦੇਵੇਗਾ।

2. ਐਕਸਚੇਂਜ ਦੁਆਰਾ ਪ੍ਰਤੀਬੰਧ ਲਾਗੂ ਕੀਤੇ ਜਾ ਸਕਦੇ ਹਨ ਅਤੇ ਕੁਝ ਖਾਸ ਸਮਿਆਂ ਤੇ ਨਿਰਦੇਸ਼ਿਤ ਸਥਿਤੀਆਂ ਵਿੱਚ ਇਹ ਓਪਸ਼ਨਜ਼ ਦੀ ਐਕਸਰਸਾਇਜ਼ ਨੂੰ ਸੀਮਤ ਕਰਨ ਦਾ ਸੰਪੂਰਨ ਅਧਿਕਾਰ ਰੱਖਦਾ ਹੈ।

**ਓਪਸ਼ਨ ਰਾਇਟਰਸ ਦੇ ਜੋਖਮ:**

1. ਜੇ ਬੁਨਿਆਦੀ ਹਿੱਤ ਦੀ ਕੀਮਤ ਸਬੰਧੀ ਵਾਧੇ-ਘਾਟੇ ਉਮੀਦੀ ਦਿਸ਼ਾ ਵਿੱਚ ਨਹੀਂ ਹਨ, ਤਾਂ ਓਪਸ਼ਨ ਰਾਇਟਰ ਨੂੰ ਵੱਡੀ ਰਕਮ ਨੂੰ ਗਵਾਉਣ ਦਾ ਜੋਖਮ ਹੋ ਸਕਦਾ ਹੈ।

2. ਓਪਸ਼ਨ ਰਾਇਟਰ ਹੋਣ ਦੇ ਜੋਖਮ ਨੂੰ ਸਮਾਨ ਬੁਨਿਆਦੀ ਹਿੱਤ ਦੇ ਸਬੰਧ ਵਿੱਚ ਦੂਜੇ ਓਪਸ਼ਨਜ਼ ਦੀ ਖਰੀਦ ਦੁਆਰਾ ਘੱਟ ਕੀਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਸਪ੍ਰੈਡ ਪੋਜ਼ਿਸ਼ਨ ਨੂੰ ਧਾਰਨ ਕੀਤਾ ਜਾਂਦਾ ਹੈ ਜਾਂ ਓਪਸ਼ਨਜ਼ ਬਜ਼ਾਰਾਂ ਜਾਂ ਹੋਰ ਬਜ਼ਾਰਾਂ ਵਿੱਚ ਹੋਰ ਤਰ੍ਹਾਂ ਦੀ ਹੈਜਿੰਗ ਪੋਜ਼ਿਸ਼ਨਜ਼ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰ, ਰਾਇਟਰ ਦੁਆਰਾ ਸਪ੍ਰੈਡ ਜਾਂ ਹੋਰ ਹੈਜਿੰਗ ਪੋਜ਼ਿਸ਼ਨ ਨੂੰ ਧਾਰਨ ਹੀ ਕਿਉਂ ਨਾ ਕਰ ਲਿੱਤਾ ਗਿਆ ਹੋਵੇ, ਹਾਲੇ ਵੀ ਮਹੱਤਵਪੂਰਨ ਜੋਖਮ ਬਣਿਆ ਰਹਿ ਸਕਦਾ ਹੈ। ਕਿਉਂਕਿ ਅਸਾਨ 'ਲਾਂਗ' ਜਾਂ 'ਸ਼ੋਰਟ' ਪੋਜ਼ਿਸ਼ਨ ਦੀ ਤੁਲਨਾ ਵਿੱਚ ਸਪ੍ਰੈਡ ਪੋਜ਼ਿਸ਼ਨ ਲਾਜ਼ਮੀ ਤੌਰ ਤੇ ਘੱਟ ਜੋਖਮ ਵਾਲੀ ਨਹੀਂ ਹੋ ਸਕਦੀ ਹੈ।

3. ਅਜਿਹੇ ਲੈਣਦੇਣ ਜਿਸ ਵਿੱਚ ਸੰਯੁਕਤ ਰੂਪ ਵਿੱਚ ਕਈ ਓਪਸ਼ਨਜ਼ ਨੂੰ ਖਰੀਦਣਾ ਜਾਂ ਰਾਇਟਿੰਗ ਕਰਨਾ ਸ਼ਾਮਲ ਹੁੰਦਾ ਹੈ, ਜਾਂ ਬੁਨਿਆਦੀ ਹਿੱਤਾਂ ਲਈ ਸ਼ੋਰਟ ਖਰੀਦਾਰੀ ਅਤੇ ਵਿਕਰੀ ਦੇ ਸੰਯੋਜਨ ਵਿੱਚ ਖਰੀਦਾਰੀ ਜਾਂ ਰਾਇਟਿੰਗ ਸ਼ਾਮਲ ਹੁੰਦਾ ਹੈ, ਉਨ੍ਹਾਂ ਵਿੱਚ ਨਿਵੇਸ਼ਕਾਂ ਲਈ ਵਾਧੂ ਜੋਖਮ ਮੌਜੂਦ ਰਹਿੰਦੇ ਹਨ। ਸੰਯੁਕਤ ਲੈਣਦੇਣ, ਜਿਵੇਂ ਕਿ ਓਪਸ਼ਨ ਸਪ੍ਰੈਡਸ, ਏਕਲ ਓਪਸ਼ਨ ਦੀ ਖਰੀਦਾਰੀ ਜਾਂ ਰਾਇਟਿੰਗ ਦੀ ਤੁਲਨਾ ਵਿੱਚ ਜ਼ਿਆਦਾ ਜਟਿਲ ਹੁੰਦੇ ਹਨ। ਅਤੇ ਨਾਲ ਹੀ ਇਹ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ, ਜਿਵੇਂ ਕਿ ਨਿਵੇਸ਼ ਦੇ ਕਿਸੇ ਵੀ ਖੇਤਰ ਵਿੱਚ ਹੁੰਦਾ ਹੈ, ਜੇ ਕਿਸੇ ਜਟਿਲਤਾ ਨੂੰ ਚੰਗੀ ਤਰ੍ਹਾਂ ਨਹੀਂ ਸਮਝਿਆ ਜਾਂਦਾ ਹੈ, ਉਹ ਆਪਣੇ-ਆਪ ਵਿੱਚ ਇੱਕ ਜੋਖਮ ਕਾਰਕ ਗੱਲ੍ਹ ਹੈ। ਹਾਲਾਂਕਿ ਇਹ ਕਹਿਣ ਦਾ ਮਤਲਬ ਇਹ ਨਹੀਂ ਹੈ ਕਿ ਸੰਯੁਕਤ ਕਾਰਜਨੀਤੀਆਂ ਤੇ ਵਿਚਾਰ ਨਹੀਂ ਕੀਤਾ ਜਾਣਾ ਚਾਹੀਦਾ ਹੈ, ਇਹ ਸਲਾਹ ਦਿੱਤੀ ਜਾਂਦੀ ਹੈ, ਜਿਵੇਂ ਕਿ ਓਪਸ਼ਨਜ਼ ਵਿੱਚ ਕੀਤੇ ਜਾਣ ਵਾਲੇ ਸਾਰੇ ਨਿਵੇਸ਼ ਦੇ ਬਾਰੇ ਕਿਹਾ ਜਾਂਦਾ ਹੈ, ਕਿ ਕਿਸੇ ਅਜਿਹੇ ਵਿਅਕਤੀ ਨਾਲ ਸਲਾਹਕਾਰੀ ਕੀਤੀ ਜਾਵੇ ਜੋ ਭਿੰਨ-ਭਿੰਨ ਬਜ਼ਾਰੀ ਸਥਿਤੀਆਂ ਦੇ ਤਹਿਤ ਸੰਯੁਕਤ ਲੈਣਦੇਣਾਂ ਦੇ ਜੋਖਮਾਂ ਅਤੇ ਸੰਭਾਵੀ ਪੁਰਸਕਾਰਾਂ ਦੇ ਸਬੰਧ ਵਿੱਚ ਮੁਹਾਰਤ ਅਤੇ ਜਾਣਕਾਰੀ ਰੱਖਦਾ ਹੋਵੇ।